# RELEVANCE OF PREACHING SPIRITUALITY AND ENLIGHTENMENT (WITH REFERENCE TO LIFE AND TEACHINGS OF GURU TEG BAHADUR)
# ਅਧਿਆਤਮਿਕਤਾ ਅਤੇ ਆਤਮ ਗਿਆਨ (ਰੌਸ਼ਨ-ਬੌਧਿਕਤਾ) ਦੇ ਪ੍ਰਚਾਰ-ਸੰਚਾਰ ਦੀ ਪ੍ਰਸੰਗਿਕਤਾ (ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਬਾਣੀ ਦੇ ਸੰਦਰਭ ਵਿੱਚ)

ਡਾ. ਬਲਵਿੰਦਰ ਪਾਲ ਸਿੰਘ*

**ਸਾਰ**

'ਅਧਿਆਤਮਿਕਤਾ' ਦਾ ਸੰਬੰਧ, ਧਰਮ ਦੇ ਗਹਿਰੇ ਰੂਪ ਵਿੱਚ ਜਾ ਕੇ ਆਤਮਕ ਅਨੁਭਵਾਂ ਨਾਲ ਹੈ। ਆਤਮ ਗਿਆਨ ਜਾਂ ਰੌਸ਼ਨ-ਬੌਧਿਕਤਾ, ਬੁੱਧੀ ਦੇ ਉੱਚ ਮੰਡਲਾਂ ਦੀ ਸੋਚ ਅਤੇ ਖੋਜ ਹੈ। ਅੱਜ ਦੇ ਸਮੇਂ ਵਿੱਚ ਪਦਾਰਥਵਾਦੀ ਪਸਾਰੇ ਨੇ ਇਨ੍ਹਾਂ ਦੋਨਾਂ ਧਾਰਨਾਵਾਂ ਨੂੰ ਧੁੰਦਲਾ ਕਰ ਦਿੱਤਾ ਹੈ। ਮਨੁੱਖ ਇਹ ਸੋਚਣ ਲੱਗ ਗਏ ਹਨ ਕਿ ਅਧਿਆਤਮਕ ਤਰੰਗਾਂ ਅਤੇ ਰੌਸ਼ਨ-ਬੌਧਿਕਤਾ ਪੁਰਾਣੇ ਸਮਿਆਂ ਦੀ ਗੱਲ ਹੋ ਗਈ ਹੈ। ਪਰ, ਅਸਲੀਅਤ ਵਿੱਚ ਐਸਾ ਨਹੀਂ ਹੈ । ਪਦਾਰਥਕ ਬਹੁਲਤਾ ਹੋਣ ਤੇ ਵੀ ਮਨੁੱਖਾਂ, ਪਰਿਵਾਰਾਂ, ਸਮਾਜ ਅਤੇ ਸਮੁਦਾਇਆ ਵਿੱਚ, ਮਾਨਸਿਕ ਖਲਬਲੀ ਅਤੇ ਅਸੰਤੁਸ਼ਟਤਾ ਪਾਈ ਜਾਂਦੀ ਹੈ। ਇਸ ਕਾਰਣ ਰਿਸ਼ਤਿਆਂ ਵਿੱਚ ਵੀ ਤਣਾਓ ਆ ਰਿਹਾ ਹੈ। ਪਹਿਲਾਂ ਵੱਡੀ ਉਮਰ ਦੇ ਵਿਅਕਤੀ, ਤਣਾਓ ਦਾ ਸ਼ਿਕਾਰ ਹੁੰਦੇ ਸਨ ਪਰ ਹੁਣ ਛੋਟੀ ਉਮਰ ਦੇ ਬੱਚਿਆਂ ਨੂੰ ਵੀ ਤਣਾਓ ਹੋਣ ਲੱਗਾ ਹੈ।

ਇਸ ਪਦਾਰਥਵਾਦੀ ਪਸਾਰੇ ਤੋਂ ਉਪਜੀ ਅਸੰਤੁਸ਼ਟਤਾ ਦੇ ਹੱਲ ਲਈ ਦੋ ਰਾਹ ਦੱਸੇ ਜਾ ਰਹੇ ਹਨ। ਪਹਿਲੇ ਵਿੱਚ ਕੁਦਰਤ ਨਾਲ ਜੁੜਣਾ, ਸਕੂਨ ਪ੍ਰਾਪਤ ਕਰਨ ਲਈ ਸੈਰ-ਸਪਾਟਾ, ਛੁੱਟੀਆਂ, ਨੈਤਿਕ-ਵਿਵਹਾਰ, ਸਮੁਦਾਇਕ ਮੇਲ ਜੋਲ, ਨਸ਼ੀਲੀਆਂ ਪਾਰਟੀਆਂ ਆਦਿ। ਵਿਲਾਸੀ ਜੀਵਨ ਸਹੂਲਤਾਂ ਤੋਂ ਵੀ ਸੁੱਖ ਪ੍ਰਾਪਤ ਕਰਨ ਦੇ ਯਤਨ ਹੋ ਰਹੇ ਹਨ ਪਰ ਇਨ੍ਹਾਂ ਨਾਲ ਮਨੁੱਖ ਦੇ ਮਨ ਨੂੰ ਠਹਿਰਾਓ ਨਹੀਂ ਮਿਲ ਰਿਹਾ। ਦੂਜਾ ਰਾਹ ਧਰਮ ਦਾ ਹੈ, ਵਿਦਿਅਕ-ਬੌਧਿਕ ਉੱਚਤਾ ਅਤੇ ਰੁਹਾਨੀਅਤ ਦਾ ਹੈ । ਧਰਮ ਦੇ ਕਰਮਕਾਂਡੀ ਨਿਭਾਅ ਨਾਲ ਵੀ ਸੱਚਾ ਅਨੰਦ ਪ੍ਰਾਪਤ ਨਹੀਂ ਹੁੰਦਾ ਪਰ ਧਰਮ ਦੇ ਸੰਚਾਲਕ ਵਰਗ, ਇਸ ਵਿੱਚੋਂ, ਰੁਜ਼ਗਾਰ, ਲਾਭ ਅਤੇ ਖੁਸ਼ਹਾਲੀ ਭਾਲਦੇ ਹਨ । ਧਰਮ ਦੇ ਸੱਚੇ ਉੱਤਮ ਰੂਪ ਨੂੰ 'ਅਧਿਆਤਮਿਕਤਾ ਅਤੇ ਰੌਸ਼ਨ-ਬੌਧਿਕਤਾ' ਕਿਹਾ ਜਾਂਦਾ ਹੈ । ਗੁਰਬਾਣੀ ਵਿੱਚ ਇਸੇ ਧਰਮ-ਰੂਪ ਨੂੰ ਧਾਰਨ ਅਤੇ ਸੰਚਾਰਨ ਦੀ ਗੱਲ ਕੀਤੀ ਗਈ ਹੈ । ਗੁਰੂ ਨਾਨਕ ਦੇਵ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ, ਭਗਤ ਸਾਹਿਬਾਨ ਅਤੇ ਭਾਈ ਗੁਰਦਾਸ ਵਾਰਾਂ ਸਹਿਤ ਸਾਰੇ ਸਿੱਖ ਸਰੋਤ, ਕਰਮਕਾਂਡੀ ਧਰਮ-ਕਰਮ ਤੋਂ ਉੱਪਰ ਉੱਠ ਕੇ, ਅੰਤਰਝਾਤ, ਆਤਮ-ਚਿੰਤਨ, ਸੰਗਤ, ਪੰਗਤ, ਗੁਰਮਤਿ ਸੰਗੀਤ ਅਤੇ ਸ੍ਰੇਸ਼ਟ ਰੂਪ ਵਿੱਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਛਤਰਛਾਇਆ ਪ੍ਰਦਾਨ ਕੀਤੀ ਗਈ ਹੈ । ਸੰਸਾਰ ਅੰਦਰ ਪਦਾਰਥਕ ਖੁਸ਼ਹਾਲੀ ਦਾ ਰੂਹਾਨੀ ਅਤੇ ਬੌਧਿਕ ਵਿਕਾਸ ਨਾਲ ਕੋਈ ਟਕਰਾਓ ਨਹੀਂ ਹੋ ਸਕਦਾ ਜੇਕਰ ਦੋਹਾਂ ਵਿਚਕਾਰ ਉਚਿੱਤ ਸੰਤੁਲਨ ਰੱਖਿਆ ਜਾਵੇ। ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਨਾਲ ਜੁੜੀ "ਨਉਨਿਧਾਂ" ਦੀ ਦੌਲਤ, ਜੀਵਨਧਾਰਾ ਦੇ ਰੂਹਾਨੀਅਤ ਖਜ਼ਾਨਿਆ ਨੂੰ, ਰੌਸ਼ਨ-ਬੌਧਿਕਤਾ ਰਾਂਹੀਂ, ਸੰਸਾਰ ਦੇ ਸਾਰੇ ਪ੍ਰਾਣੀਆਂ ਲਈ ਉਪਲੱਬਧ ਕਰਾਉਣ ਲਈ, ਉਨ੍ਹਾਂ ਦੀ ਬਾਣੀ, ਸਮੁੱਚੀ ਬਾਣੀ ਦੇ ਹਵਾਲੇ ਨਾਲ, ਸਰਵੋਤਮ ਅਧਾਰ ਹੈ। ਅੰਤਮ ਉਦੇਸ਼ "ਨਿਰਭਉ ਤੇ ਨਿਰਵੈਰ" ਸਮਾਜ ਦੀ ਸਿਰਜਣਾ ਹੈ।

ਅਧਿਆਤਮਿਕ ਉਚਾਈਆਂ ਅਤੇ ਰੌਸ਼ਨ ਬੌਧਿਕਤਾ ਦੇ ਨਾਲ ਗੁਣਾਤਮਕ ਜੀਵਨ ਵਿੱਚ ਵਾਧਾ ਯਕੀਨੀ ਬਣਾਇਆ ਜਾ ਸਕਦਾ ਹੈ ।

**ਕੁੰਜੀਵੱਤ ਸ਼ਬਦ** *(Key Words):* ਅਧਿਆਤਮਿਕਤਾ, ਰੂਹਾਨੀਅਤ, ਆਤਮ ਗਿਆਨ, ਰੌਸ਼ਨ-ਬੋਧਿਕਤਾ, ਵੈਰਾਗ, ਉਪਰਾਮਤਾ, ਮਾਨਸਿਕ ਜੀਵਨ, ਖੋਜ, ਅਦ੍ਰਿਸ਼ ਸ਼ਕਤੀਆਂ, ਰਹਸਵਾਦੀ ਅਧਿਆਤਮਿਕਤਾ, ਪਹਿਲ ਤਾਜ਼ਗੀ, ਆਚਾਰ- ਸਹਿੰਤਾ, ਨਵ-ਨੈਤਿਕਤਾ, ਅੰਤਰਝਾਤ, ਨਉਨਿਧਿ, ਰੱਬੀ-ਪਿਤਾਮੀ-ਸਰਪ੍ਰਸਤੀ, ਮਾਨਵੀ ਭਰਾਤਰੀਵਾਦ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤਸਰ ਦੇ ਵਿਰਾਸਤੀ ਸ਼ਹਿਰ ਵਿੱਚ ਸੰਨ 1621 ਈ: ਨੂੰ ਗੁਰੂ ਹਰਿਗੋਬਿੰਦ ਸਾਹਿਬ (ਸਿੱਖਾਂ ਦੇ ਛੇਵੇਂ ਗੁਰੂ) ਦੇ ਘਰ, ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ ਅਤੇ ਬਚਪਨ ਦਾ ਵਾਤਾਵਰਨ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸਿੱਖ ਧਰਮ ਦੇ ਰੂਹਾਨੀ-ਵਿਵਹਾਰਕ ਸਭਿਆਚਾਰਕ ਸਿਖ਼ਰ ਵਿੱਚੋਂ ਦੀ ਲੰਘਿਆ । ਬਾਬਾ ਬੁੱਢਾ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਲੀਲਾ ਤੱਕ ਦਾ ਸਿੱਖੀ ਵਿਕਾਸ, ਗੁਰਬਾਣੀ, ਕੁਰਬਾਨੀ, ਸੇਵਾ, ਸਿਦਕ, ਮਾਨਵੀ, ਸਾਂਝੀਵਾਲਤਾ ਅਤੇ ਬਹੁਲਤਾਵਾਦੀ-ਕਰਣੀ ਪ੍ਰਧਾਨ ਧਰਮ ਦੇ ਰੂਪ ਵਿੱਚ ਉਨ੍ਹਾਂ ਮਾਨਿਆ ਅਤੇ ਆਪਣੀ ਗੁਰਤਾ ਜਿੰਮੇਵਾਰੀ ਦੌਰਾਨ ਪ੍ਰਦਰਸ਼ਿਤ ਕਰਕੇ ਦਿਖਾਇਆ। ਇਸ ਦੇ ਪਿੱਛੇ ਕੋਈ ਸਵਾਰਥ, ਲਾਭ-ਉਦੇਸ਼, ਧੰਨ-ਸੰਚਣ-ਮਨਸ਼ਾ ਜਾਂ ਰਾਜ ਪ੍ਰਾਪਤੀ ਦੀ ਇੱਛਾ ਕਦੇ ਨਹੀਂ ਰਹੀਂ । ਸਿੱਖ ਧਰਮ ਦੇ ਪਹਿਲੇ ਪੜਾਅ

* ਰਿਟਾ ਮੁਖੀ, ਅਰਥ ਸ਼ਾਸਤਰ (ਜੀ.ਐਚ.ਜੀ ਖਾਲਸਾ ਕਾਲਜ) ਗੁਰੂਸਰ ਸਧਾਰ, ਲੁਧਿ:, ਸੰਪਾਦਕ 'ਸਾਡਾ ਵਿਰਸਾ ਸਾਡਾ ਗੌਰਵ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ)

(1469–1708 ਈ:) ਦੌਰਾਨ 10 ਗੁਰੂ ਸਾਹਿਬਾਨ ਨੇ ਨਵੀਨ ਮਾਨਵੀ ਧਰਮ ਨੂੰ ਭਾਰਤੀ ਧਰਮਾਂ ਅਤੇ ਸਾਮੀ ਧਰਮਾਂ ਦੇ ਵਿੱਚ ਪਾਈ ਜਾਣ ਵਾਲੀ ਮਾਨਤਾਵਾਂ, ਧਾਰਨਾਵਾਂ ਅਤੇ ਵਿਸ਼ਵਾਸਾਂ ਦੀ ਖਾਈ ਨੂੰ ਇਕ ਐਸੇ ਪੁੱਲ ਦੇ ਤੌਰ 'ਤੇ ਸਥਾਪਤ ਕੀਤਾ ਜਿਸ ਨੇ ਹਿੰਦੂ–ਮੁਸਲਮਾਨ, ਬ੍ਰਾਹਮਣ – ਖੱਤਰੀ, ਸ਼ੂਦਰ–ਵੈਸ਼ ਅਤੇ ਇਲਾਕਾ–ਵੇਸ ਆਦਿ ਦੇ ਭੇ ਦਾਂ ਨੂੰ ਮਿਟਾਅ ਕੇ, ਇੱਕ ਸੰਗਤ ਅਤੇ ਇਕ ਪੰਗਤ ਦਾ ਸੱਭਿਆਚਾਰ ਘੜਿਆ ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਕੋਲ, ਆਦਿ ਬੀੜ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਰਾਸਤ ਸੀ । ਲੰਗਰ, ਪੰਗਤ ਅਤੇ ਸੰਗਤ ਦਾ ਵਿਰਸਾ ਸੀ। ਮੀਰੀ–ਪੀਰੀ ਦਾ ਸੰਗਮੀ ਸ਼ਕਤੀ ਕੇਂਦਰ' ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਸੀ। ਸ੍ਰੀ ਕਰਤਾਰਪੁਰ ਸਾਹਿਬ, ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਸੀ। ਸ੍ਰੀ ਕਰਤਾਰਪੁਰ ਸਾਹਿਬ, ਸ੍ਰੀ ਖਡੂਰ ਸਾਹਿਬ ਅਤੇ ਸ੍ਰੀ ਗੋਇੰਦਵਾਲ ਵਿਖੇ ਪਨਪੀ ਸਿੱਖ ਜੀਵਨ ਸ਼ੈਲੀ ਨਾਲ ਵਿਗਸੀਆਂ ਗੁਰਸਿੱਖ ਸਖਸ਼ੀਅਤਾਂ ਦੀ ਸੰਗਤ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਉਸ ਉਪਰੰਤ ਉੱਭਰੇ ਸਿੱਖ ਜੁਝਾਰੂ ਫੌਜਾਂ ਵੱਲੋਂ ਛੇਵੇਂ ਪਾਤਸ਼ਾਹ ਦੀ ਸਰਪ੍ਰਸਤੀ ਵਿੱਚ ਜਿੱਤੀਆਂ ਚਾਰ ਜੰਗਾਂ ਦੀ ਸੂਰਮਗਤੀ ਗਾਥਾ ਵੀ ਤਾਜ਼ੀ ਯਾਦ ਸੀ । ਇਕ ਜੰਗ ਵਿੱਚ ਤਾਂ ਗੁਰੂ ਤੇਗ਼ ਬਹਾਦਰ ਜੀ ਨੇ ਤੇਗ ਦੇ ਜੌਹਰ ਵੀ ਦਿਖਾਏ ਅਤੇ ਜਿਸ ਦੇ ਫਲਸਰੂਪ ਛੇਵੇਂ ਪਾਤਸ਼ਾਹ ਨੇ ਗੁਰੂ ਜੀ ਦਾ ਨਾਮ "ਬਾਬਾ ਤਿਆਗ ਮੱਲ" ਤੋਂ 'ਤੇਗ਼ ਬਹਾਦਰ' ਬਖਸ਼ਿਸ਼ ਕੀਤਾ।

ਅਧਿਆਤਮਿਕਤਾ ਅਤੇ ਆਤਮਗਿਆਨ (ਰੌਸ਼ਨ–ਬੌਧਿਕਤਾ) ਨੂੰ ਨਾਲੋ ਨਾਲ ਤੋਰਨਾ ਹਰ ਧਰਮ ਦੇ ਰਹਿਬਰ ਦੀ ਸ੍ਰੇਸ਼ਟ ਪ੍ਰਾਥਮਿਕਤਾ ਰਹੀ ਹੈ । ਭਾਰਤ ਦੇ ਵੇਦ, ਉਪਨਿਸ਼ਦ ਇਸ ਦਾ ਉਦਾਹਰਨ ਹਨ । ਬੁੱਧ ਧਰਮ ਦੇ ਬਾਨੀ ਮਹਾਤਮਾ ਗੋਤਮ ਬੁੱਧ ਹੁਰਾਂ ਗਯਾ ਵਿਖੇ ਰੂਹ ਦੀ ਰੌਸ਼ਨੀ ਅਤੇ ਆਤਮਗਿਆਨ ਦੀ ਪ੍ਰਾਪਤੀ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਰੱਬੋਂ ਅਲਾਹ ਵੱਲੋਂ ਹਾਸਲ ਹੋਈਆਂ । ਇਕ ਪਰਮਾਤਮਾ, ਰੱਬ, ਅੱਲਾ, ਗਾਡ, ਰਾਮ, ਹਰੀ ਆਦਿ ਜਿਸ ਨੂੰ ਸਿੱਖ ਧਰਮ ਨੇ 'ਇੱਕ ਓਅੰਕਾਰ' ਕਹਿ ਕੇ ਸੰਬੋਧਿਤ ਕੀਤਾ ਹੈ, ਉਹ ਇਕੋ ਇਕ ਸਰਵਸ੍ਰੇਸ਼ਟ ਸਿਰਜਣਹਾਰ ਹੈ। ਉਸ ਦੀ ਹੋਂਦ ਅਤੇ ਸਰਬ ਸਮਰੱਥਾ ਉੱਤੇ ਅਟੁੱਟ ਭਰੋਸਾ ਹੋਣਾ ਅਧਿਆਤਮਿਕਤਾ ਹੈ । ਰੂਹ ਨੂੰ ਸਰੀਰਾਂ ਅੰਦਰ ਰੱਖ ਕੇ, ਜੀਅ ਦਾ ਸੁਭਾਅ, ਸੰਸਕਾਰ ਅਤੇ ਜੀਵਨ ਧਾਰਾ ਨਾਲ ਜੋੜਣਾ, ਐਸਾ ਰਹਸ ਹੈ ਜਿਸ ਉੱਥੇ ਰਤਾ ਕੂ ਧਿਆਨ ਕੇਂਦਰਿਤ ਕਰਨ ਨਾਲ ਹੀ ਅਧਿਆਤਮਿਕਤਾ ਦਾ ਆਭਾਸ ਹੋ ਜਾਂਦਾ ਹੈ।

ਕੈਂਬਰਿਜ ਡਿਕਸ਼ਨਰੀ ਨੇ ਅਧਿਆਤਮਵਾਦ ਨੂੰ ਪਰਿਭਾਸ਼ਿਤ ਕੀਤਾ ਹੈ, "ਐਸੀ ਯੋਗਤਾ ਜੋ ਇਕ ਧਾਰਮਿਕ ਪ੍ਰਕਿਰਤੀ ਦੀਆਂ ਗਹਿਰੀਆਂ ਭਾਵਨਾਵਾਂ ਤੇ ਵਿਸ਼ਵਾਸਾਂ ਨਾਲ ਜੁੜੀ ਹੋਵੇ, ਨਾ ਕਿ ਜੀਵਨ ਦੇ ਭੌਤਿਕ ਭਾਗ ਨਾਲ।"

ਪੱਛਮੀ ਸਾਹਿਤ ਵਿੱਚ 'ਅਧਿਆਤਮਿਕਤਾ' ਦੇ ਅਰਥ ਬਹੁਭਾਂਤੀ ਮਿਲਦੇ ਹਨ। ਵਿਕੀਪੀਡੀਆਂ ਦੇ ਅਨੁਸਾਰ ਸੈਕੂਲਰ ਸਪਿਰਚੂਐਲਿਟੀ, ਧਰਮ ਦੇ ਸੰਗਠਿਤ ਰੂਪ ਤੋਂ ਅੱਡਰੀ ਹੁੰਦੀ ਗਈ ਅਧਿਆਤਮਿਕਤਾ ਹੈ। ਮੱਧ ਕਾਲ ਦੇ ਆਖ਼ਰੀ ਸਾਲਾਂ ਵਿਚ ਇਸ ਨੂੰ ਮਾਨਸਿਕ ਜੀਵਨ ਨਾਲ ਜੋੜਿਆ ਜਾਂਦਾ ਰਿਹਾ। ਆਧੁਨਿਕ ਯੁੱਗ ਵਿੱਚ ਇਹ ਧਰਮਾਂ ਦੇ ਅਨੁਭਵਾਂ ਨਾਲ ਵੀ ਜੁੜ ਗਿਆ ਹੈ।

ਅਧਿਆਤਮਿਕਤਾ ਦੀਆਂ ਦਸ ਕਿਸਮਾਂ ਦਾ ਜ਼ਿਕਰ ਹੈਪੀਅਰਹਿਊਮਨ ਡਾਟ ਕਾਮ ਨੇ ਦੱਸੀਆ ਹਨ ।

1. Mystical Spirituality…. Focused on the Intuitional Part of the soul,
2. Authoritarian Spirituality.... believing in hierarchical structure of things or in authority,
3. Intellectual Spirituality... The core belief behind this type of Spirituality is knowledge
4. Service Spirtuality... People Experience Spiritual peace when they serve others
5. Social spirtuality... being around other people when searching for greater purpose in life"

ਪੰਜ ਕਿਸਮਾਂ ਦੇ ਨਾਲ ਪੰਜ ਅਧਿਆਤਮਕ ਮਾਰਗ ਵੀ ਹਨ, ਜੋ ਉਪਰੋਕਤ ਦੀ ਲੜੀ ਵਿੱਚ ਹੀ ਦੱਸੇ ਗਏ ਹਨ;

6. Path of Knowledge
7. Path of Devotion,
8. Path of Meditation
9. Path of Service,
10. Path of Energy the idea of purfication of your body and mind

ਰਹਸਵਾਦੀ ਅਧਿਆਤਮਿਕਤਾ ਅਸਲ ਵਿੱਚ ਮਨੁੱਖਤਾ ਦੇ ਕੁਦਰਤ ਅਤੇ ਕਾਦਰ ਦੀ ਥਹੁ ਪਾਉਣ ਲਈ ਅਨੁਮਾਨ, ਧਿਆਨ, ਇਕਾਗਰਤਾ, ਖੋਜ ਅਤੇ ਅਦ੍ਰਿਸ਼ ਸ਼ੱਕਤੀਆਂ ਦੇ ਨਾਲ ਸੰਪਰਕ–ਤਰਲਾ–ਪ੍ਰਾਰਥਨਾ ਨਾਲ ਪ੍ਰਸੰਗਿਕ ਹੋ ਜਾਣ ਨਾਲ ਸੰਬੰਧਿਤ ਹੈ ।

ਅਧਿਕਾਰਿਤ ਅਧਿਆਤਮਿਕਤਾ, ਸੰਗਠਿਤ ਧਰਮ ਦੀਆਂ ਨਿਸਚਤ ਮਾਨਤਾਵਾਂ ਦੇ ਵਿੱਚੋਂ ਰੂਹਾਨੀਅਤ ਭਾਲਣਾ ਹੈ । ਇਸ ਵਿੱਚ ਮੁੱਖ ਗੱਲ ਇਹ ਹੈ ਕਿ ਜੇ ਪੈਗੰਬਰ ਆਗੂਆਂ ਦੇ ਪਹਿਲ ਤਾਜ਼ਗੀ (ਸਹਿਜੇ ਰਚਿਉ ਖਾਲਸਾ; ਹਰਿੰਦਰ ਸਿੰਘ ਮਹਿਬੂਬ, ਗੜਦੀਵਾਲਾ) ਦੇ ਅਨੁਭਵਾਂ ਨੂੰ ਸੰਭਾਲ ਰੱਖਣ ਵਿੱਚ ਸਫਲਤਾ ਮਿਲਦੀ ਰਹੇ ਤਾਂ ਰੂਹਾਨੀਅਤ ਸੱਚੀ ਹੈ ਪਰ ਜੇ ਸੰਗਠਿਤ ਧਰਮ ਦੇ ਕਰਮਕਾਂਡੀ ਰੂਪ ਵਿੱਚ ਹੀ ਜੀਵਨ ਰੁੱਝਿਆ ਰਹੇ ਤਾਂ ਅਧਿਆਤਮਿਕਤਾ ਦਾ ਅਨੁਭਵ ਸ਼ੁੱਧ ਨਹੀਂ ਰਹਿੰਦਾ, ਧੁੰਧਲਾ ਹੋ ਜਾਂਦਾ ਹੈ ।

ਬੌਧਿਕ ਅਧਿਆਤਮਿਕਤਾ, ਧਰਮਾਂ ਦੇ ਸਾਹਿਤ ਅਤੇ ਸੰਗਤੀ ਮੇਲ ਮਿਲਾਪ ਤੋਂ ਗਿਆਨ ਹਾਸਲ ਕਰਕੇ ਆਪਣੇ ਅਨੁਭਵ ਨੂੰ ਹੋਰ

ਸਪਸ਼ਟ ਅਤੇ ਸਕੂਨ ਭਰਿਆ ਬਣਾਉਣਾ ਹੈ ।

ਸੇਵਾ, ਸਭ ਧਰਮਾਂ ਵਿੱਚ ਸ਼੍ਰੇਸ਼ਟ ਹੈ। ਸੇਵਾ ਨੂੰ ਅਧਿਆਤਮਿਕਤਾ ਦਾ ਸੋਮਾ ਮੰਨਣਾ, ਸੁਭਾਅ ਅਤੇ ਪ੍ਰਾਥਮਿਕਤਾ ਦੇ ਅਧਾਰ 'ਤੇ ਹੈ। ਇਸ ਪਿੱਛੇ ਸਿਧਾਂਤ ਇਹੀ ਹੈ ਕਿ ਸਭ ਲੋਕ ਇੱਕ ਰੱਬ ਦੇ ਬੱਚੇ ਹਨ, ਗਰੀਬ ਅਤੇ ਅਨਾਥਾਂ ਦਾ, ਸੇਵਾ ਵਸਤਾਂ ਅਤੇ ਸੇਵਾਵਾਂ ਉੱਤੇ ਸਭ ਤੋਂ ਵੱਧ ਹੱਕ ਹੈ।

ਸਮਾਜਿਕ ਰੂਹਾਨੀਅਤ, ਸਮਾਜ ਦੇ ਧਾਰਮਕ ਸਮੂਹਾਂ ਵਿੱਚ ਮਿਲ ਕੇ, ਬਹੁਭਾਂਤੀ ਗਤੀਵਿਧੀਆਂ ਨਾਲ ਰੂਹਾਨੀ ਅਨੁਭਵ ਹਾਸਲ ਕਰਨਾ ਹੈ । ਜਦੋਂ ਸਮਾਜ ਵਿੱਚ ਪਦਾਰਥਵਾਦੀ ਰੁਚੀਆਂ ਅਤੇ ਪਸਾਰ ਵੱਧਦੇ ਜਾਣ ਤਾਂ ਰੂਹਾਨੀਅਤ ਪਿੱਛੇ ਪੈ ਜਾਂਦੀ ਹੈ । ਪੰਜ ਰਸਤੇ ਵੀ ਸਪਸ਼ਟ ਕੀਤੇ ਗਏ ਹਨ; ਗਿਆਨ, ਸ਼ਰਧਾ ਭਾਵ, ਭਗਤੀ, ਸੇਵਾ, ਊਰਜਾ-ਸ਼ਕਤੀ ਸੰਚਾਰ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਇਸ ਵਿੱਚ "ਪਹਿਲ ਤਾਜ਼ਗੀ" ਨੂੰ ਸਿੱਖੀ ਦੇ "ਸ਼ਬਦ- ਸੁਰਤਿ" ਦੇ ਸਿਧਾਂਤ ਅਨੁਸਾਰ ਸ਼ਬਦ ਦੇ ਵਿੱਚ ਸੰਚਿਤ ਕਰ ਦਿੱਤਾ ਗਿਆ ਹੋਇਆ ਹੈ। ਜਿਵੇਂ ਇਕ ਡਰਾਈ ਸੈਲ ਨੂੰ ਧਨਾਤਮਕ-ਰਿਣਾਤਮਿਕ ਸਰਕਟ ਪੂਰਾ ਕਰਕੇ ਉਸ ਵਿੱਚੋਂ ਕਰੰਟ/ ਊਰਜਾ ਨਿਕਲਦੀ ਹੈ ਉਸੇ ਤਰ੍ਹਾਂ 'ਸ਼ਬਦ'/ਪੁਸਤਕ/ਗ੍ਰੰਥ ਆਦਿ ਵਿੱਚ ਗਿਆਨ-ਰੌਸ਼ਨੀ ਸੰਚਿਤ ਹੁੰਦੀ ਹੈ । ਸੁਰਤੀ ਦੇ ਨਾਲ ਸ਼ਬਦ ਦਾ ਮੇਲ ਸੰਜੋਗ ਹੋਣ ਨਾਲ ਇਹ ਰੌਸ਼ਨੀ ਸੰਚਰਿਤ ਹੋਣ ਲੱਗਦੀ ਹੈ । ਸਿੱਖੀ ਧਰਮ ਵਿੱਚ ਰੂਹਾਨੀਅਤ ਦਾ ਇਹ ਸੰਚਾਰ ਮਾਧਿਅਮ, ਸੰਸਾਰ ਭਰ ਵਿੱਚ ਵਿਲੱਖਣ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸਹਿਜ-ਪਾਠ, ਅਰਥ-ਬੋਧ, ਸੰਥਿਆ, ਕੀਰਤਨ, ਕਥਾ ਆਦਿਕ ਧਰਮ ਧਾਰਨ ਕਰਨ ਦੇ ਮੁੱਖ ਭਾਗ ਹਨ । ਲੰਗਰ-ਪੰਗਤ-ਸੰਗਤ ਅਤੇ ਲੋੜਵੰਦਾਂ ਦੀ ਸੇਵਾ ਤੋਂ ਵੀ ਰੂਹਾਨੀਅਤ ਦੀ ਪ੍ਰਾਪਤੀ ਦੱਸੀ ਗਈ ਹੈ।

ਬੌਧਿਕ-ਰੁਸ਼ਨਾਈ (Enlightenment) ਨੂੰ ਤਾਂ ਸ਼ਬਦ ਨਾਲੋਂ ਤੋੜਨਾ ਹੀ ਸੰਭਵ ਨਹੀਂ । ਜਦੋਂ ਵੀ ਗਿਆਨ ਦੀ ਪ੍ਰਾਪਤੀ ਕਿਸੇ ਪੈਗੰਬਰ, ਪੀਰ, ਗੁਰੂ ਅਤੇ ਭਗਤ ਸਾਹਿਬਾਨ ਨੂੰ ਹੁੰਦੀ ਹੈ, ਉਸ ਦਾ ਸ੍ਰੋਤ ਜਾਂ ਪ੍ਰਤੀਫੱਲ "ਸ਼ਬਦ" ਹੀ ਹੁੰਦਾ ਹੈ । ਜਿੰਨੇ ਵੀ ਧਰਮ ਹਨ, ਉਨ੍ਹਾਂ ਕੋਈ ਨ ਕੋਈ ਧਰਮ ਪੁਸਤਕ ਅਤੇ ਪਾਵਨ ਉਪਦੇਸ਼ ਜ਼ਰੂਰ ਮਿਲ ਜਾਂਦੇ ਹਨ । ਸਿੱਖ ਧਰਮ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ

ਰੂਹਾਨੀਅਤ ਅਤੇ ਬੌਧਿਕ-ਰੁਸ਼ਨਾਈ (Spirituality and Enlightenment) ਦਾ ਵੱਡਾ ਸੋਮਾ ਹੈ। ਖੋਜ ਪੱਤਰ ਦੀ ਸੀਮਾਂ ਦੇ ਅਨੁਸਾਰ ਸਮੁੱਚੀ ਬਾਣੀ ਵਿੱਚੋਂ ਹਵਾਲੇ ਨਹੀਂ ਲਏ ਜਾ ਰਹੇ। ਪਰ ਇਹ ਦੱਸਣਾ ਅਨਿਵਾਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਦੇ ਵੀ ਆਪਣੇ ਸਰੀਰ ਦੀ ਪੂਜਾ ਨਹੀਂ ਕਰਵਾਈ। ਉਨ੍ਹਾਂ ਅਰੰਭ ਤੋਂ 'ਹੀ "ਗੁਰਬਾਣੀ' (Revealed words of God) ਅਤੇ ਗੁਰਸੰਗਤ (Sacred Congregation) ਨੂੰ ਸੱਚੇ ਧਰਮ ਦੀ ਸ਼ਕਤੀ ਦੇ ਸੋਮੇ ਵਜੋਂ ਪ੍ਰਮਾਣਿਤ ਕੀਤਾ।

'ਗੁਰਮਤਿ ਮਨੋਵਿਗਿਆਨ' ਵਿੱਚ ਡਾ. ਜਸਵੰਤ ਸਿੰਘ ਨੇਕੀ ਨੇ ਗੁਰੂ ਨਾਨਕ ਦੇਵ ਜੀ ਦੀ ਅਤੀ ਸੂਖਮ 'ਰੂਹਾਨੀਅਤ ਅਤੇ ਰੌਸ਼ਨ ਬੁੱਧ' ਦੇ ਸੰਜੋਗ ਦੀ ਉਦਾਹਰਨ ਜਪੁ ਜੀ ਬਾਣੀ ਵਿੱਚੋਂ ਦਿੱਤੀ ਹੈ, "ਚਿੱਤ (ਸੁਰਤਿ) ਇਥੇ ਚੇਤਨਾ ਦੇ ਅਰਥਾਂ ਵਿੱਚ ਹੈ ।ਗੁਰਮਤਿ ਦੇ ਅਨੁਰੂਪ ਅੰਤਰਕਰਣ ਨੂੰ ਅਧਿਆਤਮਿਕ ਸਾਧਨਾ (ਸ੍ਰਮ) ਨਾਲ ਸਾਧ ਕੇ ਨਿਪੁੰਨ ਕੀਤਾ ਜਾ ਸਕਦਾ ਹੈ । ਉਸ ਦੀ ਐਸੀ ਨਿਪੁੰਨ ਘਾੜਤ ਸਰਮਖੰਡ ਵਿੱਚ ਹੁੰਦੀ ਹੈ, ਜਿਸ ਮੁਤਾਬਿਕ ਉਸ ਦੇ ਚਾਰੇ ਅੰਗ ਰੂਪਵਾਨ ਘਾੜਤ ਵਾਲੇ ਹੋ ਜਾਂਦੇ ਹਨ ਤੇ ਭੌਤਿਕ ਚੇਤਨਾ ਤੋਂ ਉੱਪਰ ਉੱਠ ਕੇ ਦੇਵਤਿਆਂ ਤੇ ਸਿੱਧਾਂ ਵਾਲੀ ਚੇਤਨਾ ਦੇ ਭਾਗੀ ਬਣ ਜਾਂਦੇ ਹਨ।

ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤ
ਅਨੂਪੁ॥-----
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ
ਸਿਧਾ ਕੀ ਸੁਧਿ ॥
(ਗੁਰਮਤਿ ਮਨੋਵਿਗਿਆਨ, ਜਸਵੰਤ ਸਿੰਘ ਨੇਕੀ)

**ਨੈਤਿਕਤਾ-ਨਵਨੈਤਿਕਤਾ- ਆਚਾਰ ਸਹਿੰਤਾ** (Morality-Neo Morality-Ethics)

ਇਕ ਸਧਾਰਨ ਵਿਚਾਰ ਸਾਰੇ ਧਰਮਾਂ ਅਤੇ ਸਭਿਅਤਾਵਾਂ ਵਿੱਚ ਪ੍ਰਚੱਲਤ ਰਿਹਾ ਹੈ ਕਿ ਮਨੁੱਖੀ ਸਮਾਜ ਵਿੱਚ ਨੈਤਿਕ ਕਦਰਾਂ ਕੀਮਤਾਂ ਰਿਸ਼ਤਿਆਂ ਵਿਚ ਸੰਤੁਲਨ ਕਾਇਮ ਰੱਖਣ ਵਿੱਚ ਸਹਾਇਤਾ ਕਰਦੀਆਂ ਹਨ । ਇਨ੍ਹਾਂ ਕਦਰਾਂ ਕੀਮਤਾਂ ਦੇ ਸਭਿਆਚਾਰਕ ਰੂਪ ਕੁਝ ਵਖਰੇ ਵੇ ਵਾਲੇ ਤਾਂ ਹੋ ਸਕਦੇ ਹਨ ਪਰ ਇਨ੍ਹਾਂ ਦੇ ਵਿੱਚ ਆਚਰਣਕ ਛਿਪੇ ਤੱਤ ਅਤੇ ਪ੍ਰਭਾਵ, ਸਮਾਨ ਹੀ ਹੁੰਦੇ ਹਨ । ਕਰਮਕਾਂਡੀ ਜਾਂ ਰਸਮੀ ਕਦਰਾਂ, ਧਰਮ ਦੇ ਸੰਗਠਿਤ ਰੂਪ ਵਿੱਚ ਵੱਧਦੀਆਂ ਜਾਂਦੀਆ ਹਨ ਅਤੇ ਇਨ੍ਹਾਂ ਵਿੱਚ ਵਪਾਰੀਕਰਣ ਸ਼ਾਮਿਲ ਹੋ ਜਾਂਦਾ ਹੈ ।

ਨੈਤਿਕਤਾ ਦਾ ਨਵਾਂ ਰੂਪ 'ਨਵ-ਨੈਤਿਕਤਾ' ਦੇਖਣ ਨੂੰ ਮਿਲਦਾ ਹੈ ਜਦੋਂ ਵਿਵਹਾਰਕ ਨੈਤਿਕ ਕਦਰਾਂ ਕੀਮਤਾਂ ਨੂੰ ਧਰਮ ਦੇ ਨਾਲੋਂ ਅੱਡਰਾ ਕਰਕੇ ਵੇਖਿਆਂ ਜਾਂਦਾ ਹੈ।

ਸ. ਕਪੂਰ ਸਿੰਘ ਹੁਰਾ THE SIKH THOUGHTS' ਖੋਜ ਪੱਤਰ ਵਿੱਚ ਦੱਸਿਆ ਹੈ ਕਿ ਜੁਡਾਇਜ਼ਮ ਧਰਮ ਪ੍ਰੰਪਰਾਵਾਂ ਅਨੁਸਾਰ, ਸਾਰੇ ਵਿਵਹਾਰਿਕ ਉਦੇਸ਼ਾਂ ਦੇ ਲਈ ਧਾਰਮਿਕ ਜੀਵਨ ਅਤੇ ਨੈਤਿਕ ਵਿਵਹਾਰ ਨੂੰ ਸਮਤਾ ਵਿੱਚ ਦੇਖਿਆ ਗਿਆ ਹੈ। ਮੋਸਿਸ ਦੀਆਂ ਦਸ ਹਦਾਇਤਾਂ ਨੈਤਿਕ ਆਦੇਸ਼ ਹੀ ਹਨ। ਕੁਰਾਨ ਵਿੱਚ ਵੀ ਇਸੇ ਤਰ੍ਹਾਂ ਦੇ ਵਿਵਹਾਰਕ ਕਦਰ ਆਦੇਸ਼ ਹਨ। ਹਿੰਦੂ ਇਤਿਹਾਸ ਅਤੇ ਮਿਥਿਹਾਸ ਵਿੱਚ ਕੁਝ ਗਥਾਵਾਂ ਵਿਚ ਨਿਸ਼ਚਿਤ ਨੈਤਿਕ ਕਦਰਾਂ ਦੇ ਅਨੁਸਾਰੀ ਆਦੇਸ਼ ਅਸਪਸ਼ਟ ਹਨ। (Dr Otto in 'Idea of the Holy), ਪਰ ਇਹ ਸਚਾਈ ਤੋਂ ਦੂਰ ਦੀ ਗੱਲ ਹੈ। ਅਰੰਭ ਤੋਂ ਹੀ ਇਹ ਗੱਲ

ਪ੍ਰਮਾਣੀਕ ਹੈ ਕਿ ਨੈਤਿਕ ਵਿਵਹਾਰ, ਧਾਰਮਕ ਵਿਅਕਤੀ ਦੇ ਵਿਵਹਾਰ ਦਾ ਅਧਾਰ ਹੈ (Kapur Singh, The Sikh Thoughts)।

ਬੁੱਧ ਧਰਮ ਦਾ ਭਿਖਸ਼ੂ, ਹਿੰਦੂ ਧਰਮ ਦਾ ਬ੍ਰਾਹਮਣ, ਬਾਕੀ ਸਭ ਧਰਮਾਂ ਦੇ ਮੁੱਖ ਧਰਮ ਵਿਅਕਤੀ, ਧਰਮ ਅਤੇ ਨੈਤਿਕਤਾ ਦੇ ਸੰਗਮ ਹੀ ਮੰਨੇ ਜਾਂਦੇ ਹਨ । ਗੁਰੂ ਸਾਹਿਬਾਨ ਨੇ ਜਪੁਜੀ ਦੇ ਅਰੰਭ ਵਿੱਚ ਆਇਆ ਥੀਮ "ਕਿਵ ਸਚਿਆਰਾ ਹੋਈਐ" ਵਿੱਚ ਇਸ ਦੇ ਬੀਜ ਰੱਖ ਦਿੱਤੇ ਹਨ ਕਿ ਧਰਮ ਦੇ ਰਾਹ ਤੇ ਚੱਲਣ ਵਾਲੇ ਵਿਅਕਤੀ ਦੇ ਲਈ ਵਿਵਹਾਰਕ ਇਮਾਨਦਾਰੀ ਵਾਲਾ ਹੋਣਾ ਅਨਿਵਾਰੀ ਹੈ ।

ਕੋਈ ਅਧਰਮੀ ਵਿਅਕਤੀ ਇਸ ਗੱਲ ਤੋਂ ਛੋਟ ਲੈ ਸਕਦਾ ਹੋਵੇ ਗਾ ਕਿ ਉਹ ਧਰਮ ਅਧਾਰਿਤ ਨੈਤਿਕ ਕਦਰਾਂ ਨੂੰ ਨਹੀਂ ਮੰਨਦਾ। ਇਸੇ ਨੂੰ ਨਵ-ਨੈਤਿਕਤਾ ਕਹਿ ਸਕਦੇ ਹਾਂ । ਇਹ Divine Command Theory (Rochels, J.S., 2011) ਦੇ ਉਲਟ ਹੈ । ਕਾਰਨ- ਸਿੱਟਾ ਸੰਬੰਧ ਅਤੇ ਤਰਕ ਦੇ ਅਧਾਰ ਤੇ ਨੈਤਿਕਤਾ ਦੀ ਪਛਾਣ ਕਰਨ ਦਾ ਵਿਚਾਰ ਮਨੁੱਖੀ ਅਜ਼ਾਦੀ ਦਾ ਮਸਲਾ ਵੀ ਹੈ । ਇਥੇ ਇਕ ਦੋਰਾਹਾ ਬਣ ਜਾਂਦਾ ਹੈ, ਭਾਵ ਧਰਮ ਦੇ ਬੰਧਕ ਅਸੂਲਾਂ ਵਿੱਚ ਬੰਨ੍ਹ ਜਾਣ ਤੋਂ ਡਰਦਾ ਵਿਅਕਤੀ, ਨਵ-ਨੈਤਿਕਤਾ ਵੱਲ ਵੱਧਦਾ ਹੈ ਤੇ ਕਹਿੰਦਾ ਹੈ ਕਿ ਧਰਮ ਤੋਂ ਅੱਡਰਾ ਨੈਤਿਕ-ਵਿਵਹਾਰ ਸੰਭਵ ਹੈ। ਦੂਜੇ ਪਾਸੇ ਇਕ ਵਾਰ ਖੁੱਲ੍ਹ ਮਿਲ ਜਾਣ 'ਤੇ ਉਹ, ਨਸ਼ਿਆਂ, ਵਿਵਾਹ ਤੋਂ ਬਾਹਰ ਦੇ ਅਨੈਤਿਕ ਸੰਬੰਧ, ਜੂਆ, ਚੋਰੀ, ਬੇਈਮਾਨੀ ਨੂੰ ਵੀ 'ਸਮਾਯੋਜਨ" (Adjustments) ਕਹਿਣ ਤੱਕ ਜਾਂਦਾ ਹੈ। ਆਧੁਨਿਕ ਸਮੇਂ ਦੀ ਇਹ ਵੱਡੀ ਸਮੱਸਿਆ ਹੈ । ਇਸ ਕਰਕੇ 'ਅਧਿਆਤਮਿਕਤਾ ਅਤੇ ਰੌਸ਼ਨ-ਬੌਧਿਕਤਾ' ਦਾ ਉਚਿੱਤ ਸੰਗਮ ਜ਼ਰੂਰੀ ਹੈ । ਧਰਮ ਦੇ ਸੰਗਠਿਤ ਰੂਪਵਿੱਚ ਬਹੁਤ ਵਾਰ ਪੁਜਾਰੀ ਸ਼੍ਰੇਣੀ, ਸ਼ਰਧਾਲੂਆ ਦੇ ਵੱਲੋਂ ਤਪੱਸਿਆ, ਭਗਤੀ, ਇਕਾਗਰਤਾ, ਧਾਰਮਕ ਪੁਸਤਕਾਂ ਦੇ ਗੂੜ ਅਧਿਐਨ ਨਾ ਕਰਨ ਦਾ ਵਿਕਲਪ/ਬਦਲ ਪੁੱਛੇ ਜਾਣ ਤੇ ਇਸ਼ਨਾਨ, ਦਾਨ, ਚੁੱਲੀਆਂ, ਧਾਗੇ, ਤਵੀਤ, ਚਿੱਲੀਏ ਆਦਿ ਦੇ ਉਪਾਵ ਦੱਸ ਕੇ ਉਨ੍ਹਾਂ ਨੂੰ 'ਅਧਿਆਤਮਿਕਤਾ ਅਤੇ ਰੌਸ਼ਨ-ਬੌਧਿਕਤਾਂ ਦੋਨਾ ਕੋਲੋਂ ਦੂਰ ਕਰ ਦੇਂਦੀ ਹੈ। ਇਸ ਨਾਲ ਉਸ ਨੂੰ ਮਾਇਆ ਦਾ ਲਾਭ ਹੁੰਦਾ ਹੈ। ਇਥੋਂ ਹੀ ਇਕ ਵੱਖਰਾ ਵਪਾਰਕ ਰਿਸ਼ਤਾ ਧਰਮ ਦੇ ਅੰਦਰ ਪੈਦਾ ਹੁੰਦਾ ਹੈ ਜਦੋਂ ਦਰਸ਼ਨਾਂ ਲਈ, ਪ੍ਰਾਰਥਨਾ ਲਈ ਅਤੇ ਆਤਮਿਕ ਕਲਿਆਣ ਦੇ ਲਈ ਅੱਡਰੀਆਂ ਦਰਾਂ ਵੀ ਨਿਸ਼ਚਿਤ ਹੋ ਜਾਂਦੀਆਂ ਹਨ। ਬੁੱਧੀਮਾਨ ਨੌਜਵਾਨ ਐਸ ਵਿਵਸਥਾ ਤੋਂ ਦੂਰ ਜਾਂਦੇ ਜਾਂਦੇ, ਸੱਚੇ ਧਰਮ ਦੇ ਗੁਣਾਤਮਕ ਰੂਪ ਤੋਂ ਵੀ ਵਾਂਝੇ ਰਹਿ ਜਾਂਦੇ ਹਨ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਭਾਰਤੀ ਧਰਮ ਸ਼ਰਧਾਲੂ ਨੂੰ ਤਿੰਨ ਪ੍ਰਕਾਰ ਦੇ ਭਰਮਾਂ ਤੋਂ ਦੂਰ ਰਹਿ ਕੇ ਵੈਰਾਗ ਤੇ ਉਦਾਸੀਨਤਾ ਉਤਪੰਨ ਕਰਨ ਦਾ ਸੰਦੇਸ਼ ਦੇਂਦੀ ਹੈ ਤਾਂ ਕਿ ਫੋਕਟ ਧਰਮ ਕਿਰਿਆਚਾਰ ਤੋਂ ਸਾਵਧਾਨ ਹੋ ਕੇ ਰੂਹਾਨੀਅਤ ਅਤੇ ਬੌਧਿਕ-ਰੌਸ਼ਨੀ, ਮਨੁੱਖ ਦੇ ਅੰਦਰ ਵਾਸਾ ਕਰ ਸਕੇ;

1. ਉਨ੍ਹਾਂ ਪਦਾਰਥਾਂ ਤੋਂ ਉਪਰਾਮਤਾ ਕਰਨੀ ਜੋ ਇੰਦ੍ਰੀ ਰਸ ਦਾ ਵਿਸ਼ਾ ਹਨ ਅਤੇ ਆਪਣੇ ਰੂਪ, ਰੱਸ, ਸਪਰਸ਼ ਤੇ ਗੰਧ ਨਾਲ ਪੋਹੰਦੀਆ ਹਨ ।
2. ਉਨ੍ਹਾਂ ਨਿਕਟ ਵਰਤੀ ਸਾਕ ਸੰਬੰਧੀਆਂ ਦੇ ਆਸਰੇ ਪ੍ਰਤੀ ਉਪਰਾਮਤਾ ਜੋ ਬੜੇ ਮਿੱਠੇ ਲੱਗਦੇ ਹਨ ਤੇ ਆਪਣੇ ਮੋਹ ਜਾਲ ਵਿੱਚ ਜੱਕੜੀ ਬੈਠੇ ਹਨ
3. ਉਨ੍ਹਾਂ ਅਖੌਤੀ ਸਾਤਵਿਕ ਕਰਮ ਕਾਂਡ, ਤੀਰਥ, ਵਰਤ, ਨੇਮ, ਯੋਗ, ਸੰਨਿਆਸ ਤੋਂ ਉਪਰਾਮਤਾ ਜੋ ਹਉਮੈ ਉਤਪੰਨ ਕਰਦੇ ਹਨ ਤੇ ਮੁਕਤੀ ਦੇਣ ਦੀ ਥਾਂ ਬੰਧਨ ਹੋ ਨਿਬੜਦੇ ਹਨ।

● ਸਾਧੋ ਰਚਨਾ ਰਾਮ ਬਨਾਈ ॥
ਇਕ ਬਿਨਸੈ ਇਕ ਅਸਥਿਰ ਮਾਨੈ,
ਅਚਰਜ ਲਖਿਓ ਨ ਜਾਈ ॥ ਰਹਾਓ॥
ਲੋਭ ਗ੍ਰਸਿਓ ਦਸਹੂ ਦਿਸ ਧਾਵਤ, ਆਸਾ ਲਾਗਿਓ ਧਨਕੀ॥(411)

● ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥
ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸ ਜਾ ਕੋ ॥
ਨਿਹਫਲ ਧਰਮ ਤਾਹਿ ਤੁਮ ਮਾਨੋ, ਸਾਚੁ ਕਹਤ ਮੈ ਯਾ ਕਉ॥(831)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਹ ਸਪਸ਼ਟ ਕਰ ਦੇਂਦੀ ਹੈ ਕਿ ਬਾਹਰੀ ਕਰਮ ਕਾਂਡ ਵਾਲਾ ਧਰਮ, ਰੂਹਾਨੀਅਤ ਪੈਦਾ ਨਹੀਂ ਕਰਦਾ॥

ਦਿਖਾਵੇਦੀ ਨੈਤਿਕਤਾ ਅਤੇ ਵਿਵਹਾਰਕ ਅਨੈਤਿਕਤਾ, ਦੋਨੋ ਹੀ ਰੂਹਾਨੀ ਪ੍ਰੇਮ ਪੈਦਾ ਨਹੀਂ ਕਰ ਸਕਦੇ। ਨਾ ਹੀ ਇਹ ਬੌਧਿਕ-ਰੌਸ਼ਨੀ ਦੇ ਨਾਲ ਮਨੁੱਖ ਦਾ ਸੰਪਰਕ ਹੋਣ ਦੇਂਦੇ ਹਨ(ਤਾਰਨ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ)।

**ਅੰਤਰਝਾਤ ਅਤੇ ਆਤਮ-ਗਿਆਨ**

ਧਰਮ ਵਿੱਚ ਰੂਹਾਨੀ ਰਸ ਨੂੰ ਮਾਣਨਾ ਸਭ ਤੋਂ ਸ੍ਰੇਸ਼ਟ ਕਰਮ ਹੈ ਜਿਸ ਦੇ ਨਾਲ ਬੌਧਿਕ-ਰੌਸ਼ਨੀ ਹਾਸਲ ਹੁੰਦੀ ਹੈ ਅਤੇ ਵਿਵਹਾਰਕ ਉਚਿੱਤਤਾ ਉਪਜਦੀ ਹੈ । ਡਾ. ਮਨਮੋਹਨ ਸਿੰਘ ਆਪਣੀ ਰਚਨਾ " ਰਸੋ ਵਈਸਾ" ਦਾ ਅਰਥ ਕਰਦੇ ਹਨ ਕਿ "ਉਹ ਰਸ ਹੈ। "ਇਥੇ ਉਹ ਤੋਂ ਭਾਵ 'ਬ੍ਰਹਮ' ਹੈ । ਅਰਥਾਤ ਬ੍ਰਹਮ ਰਸ ਹੈ ।

ਗੁਰੂ ਤੇਗ਼ ਬਹਾਦਰ ਪ੍ਰਸ਼ਨ ਰੂਪ ਵਿੱਚ ਜ਼ਿਕਰ ਕਰਦੇ ਹਨ 'ਪ੍ਰਾਨੀ ਕਉਨੁ ਉਪਾਉ ਕਰੈ॥ ਜਾਤੈ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ ॥

ਇਸੇ ਸ਼ਬਦ ਵਿੱਚ ਉੱਤਰ ਹੈ,

"ਕਲ ਮੈ ਏਕ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ॥
ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦ ਬਤਾਵੈ॥
ਸੁਖ ਦੁੱਖ ਰਹਤ ਸਦਾ ਨਿਰਲੇਪੀ ਜਾ ਕੋ ਕਹਤ ਗੁਸਾਈ ॥
ਸੋ ਤੁਮਹੀ ਮਹਿ ਬਸੈ ਨਿਰੰਤਰ, ਨਾਨਕ ਦਰਪਨਿ ਨਿਆਈ ॥(632)

ਇਕ ਮਨੁੱਖ ਦੇ ਵਿਕਾਸ ਲਈ ਅੰਤਰਝਾਤ ਦੀ ਤਾਂ ਸਮਝ ਪੈ ਜਾਂਦੀ ਹੈ ਅਤੇ ਆਤਮ ਗਿਆਨ ਦੇ ਲਈ ਵੀ ਉਤਸੁਕਤਾ ਪੈਦਾ ਹੁੰਦੀ ਹੈ । ਇਸਦੇ ਲਈ ਸੰਸਾਰ ਵਿੱਚ ਬਹੁਤ ਮਾਰਗ ਹਨ । ਅਧਿਐਨ, ਸੰਵਾਦ ਅਤੇ ਕਥਾ-ਵਿਚਾਰ ਸੁਣ ਕੇ ਗਿਆਨ ਹਾਸਲ ਹੁੰਦਾ ਹੈ ਪਰ ਆਤਮ ਗਿਆਨ ਦੇ ਲਈ ਚਿੰਤਨ ਕਰਨ ਹਿੱਤ ਉੱਤਮ ਸੰਗਤ ਵਿੱਚ ਰਲਣਾ ਬੜਾ ਜ਼ਰੂਰੀ ਹੈ । ਪ੍ਰੰਪਰਾਗਤ ਧਰਮ ਵਿੱਚ ਜੰਗਲਾਂ ਅੰਦਰ ਜਾ ਕੇ ਭਗਤੀ ਕਰਨ ਨੂੰ ਨੌਵੇਂ ਗੁਰੂ ਜੀ ਨੇ ਪ੍ਰਵਾਨ ਨਹੀਂ ਕੀਤਾ। ਗੁਰਮਤਿ ਦੇ ਕਿਸੇ ਬਾਣੀਕਾਰ ਨੇ ਇਸ ਮਾਰਗ ਨੂੰ ਸਹੀ ਨਹੀਂ ਮੰਨਿਆ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿੱਚ ਲੋਕ ਪ੍ਰਿਯ ਸ਼ਬਦ ਅੰਤਰਝਾਤ ਅਤੇ ਆਤਮ ਗਿਆਨ ਦੇ ਰਾਹ ਖੋਲਦਾ ਹੈ ;

ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ
ਸਦਾ ਅਲੇਪਾ, ਤੋਹੀ ਸੰਗਿ ਸਮਾਈ ॥1॥ ਰਹਾਉ
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ ॥1॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥2॥(684)

ਅਧਿਆਤਮ ਨਾਲ ਸੰਯੁਕਤ ਬੌਧਿਕ-ਰੌਸ਼ਨੀ ਸਫਲ ਲੋਕ-ਜੀਵਨ ਦੀ ਜਾਮਨ ਹੋ ਸਕਦੀ ਹੈ । ਇਸ ਵਿੱਚ ਧਰਮਾਂ ਦੇ ਸੰਗਠਿਤ ਰੂਪ ਅਤੇ ਉਨ੍ਹਾਂ ਦੇ ਵਖਰੇਂਵੇ ਕੋਈ ਬਾਧਕ ਜਾਂ ਰੁਕਾਵਟ ਪੈਦਾ ਨਾ ਕਰਨ, ਇਸ ਨੂੰ ਨਿਸ਼ਚਿਤ ਕਰਨ ਲਈ 'ਅੰਤਰ-ਧਰਮ ਸੰਵਾਦ' (Inter Religion Dialogue) ਨਿਰੰਤਰ ਚੱਲਦੇ ਰਹਿਣੇ ਚਾਹੀਦੇ ਹਨ । ਮਨੁੱਖਾਂ ਦੀ ਏਕਤਾ, ਇਕਸੁਰਤਾ ਅਤੇ ਸਦਭਾਵਨਾ ਵਾਲਾ ਮੇਲ ਜੋਲ, ਸਾਰੇ ਧਰਮ ਮੁਖੀਆਂ ਦੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ ।

ਜਦੋਂ ਜਦੋਂ ਅਧਿਆਤਮ ਅਤੇ ਰੌਸ਼ਨ ਬੌਧਿਕਤਾ ਨੂੰ ਧੁੰਧਲਾ ਕਰਕੇ, ਧਰਮ ਦਾ ਰਾਜਸੀ ਅਤੇ ਵਪਾਰਕ ਸੋਸ਼ਣ ਹੋਣ ਲੱਗਦਾ ਹੈ ਤਾਂ ਇਹ ਮਾਨਵਤਾ ਦੇ ਲਈ ਪੀੜ ਪੈਦਾ ਕਰਦਾ ਹੈ । ਗੁਰੂ ਤੇਗ਼ ਬਹਾਦਰ ਜੀ ਨੇ ਔਰੰਗਜ਼ੇਬ ਨੂੰ ਇਹੀ ਸਮਝਾਇਆ ਸੀ ਕਿ ਇਸਲਾਮ ਦੇ ਸੱਚ ਨੂੰ ਇਜ਼ਾਰੇਦਾਰੀ ਵਿਚ ਬਦਲਣਾ ਉਚਿਤ ਨਹੀਂ ਹੈ । ਇਸ ਦਾਅਵੇ ਨੂੰ ਲੋਕਾਂ ਉੱਪਰ ਜਬਰ-ਜ਼ੁਲਮ ਨਾਲ ਠੋਸਣਾ ਕੀ ਠੀਕ ਹੈ? ਕੀ ਨਿਰੰਕਸ਼ ਅਤੇ ਵਿਰੋਧ ਰਹਿਤ ਰਾਜ ਪ੍ਰਬੰਧ, ਰੱਬੀ ਮਰਜ਼ੀ ਹੋ ਸਕਦੀ ਹੈ? ਜਦੋਂ ਔਰੰਗਜ਼ੇਬ ਨੇ 'ਬਹੁ-ਧਾਰਮਕ ਸਭਿਆਚਾਰਕ ਲੋਕਾਈ ਦੀ ਹੋਂਦ ਨੂੰ ਨਾ ਸਵੀਕਾਰਿਆ ਤਾਂ ਉਸ ਨੇ ਗੁਰੂ ਜੀ ਨੂੰ "ਅਮਾ-ਅਲ-ਕਤਲ ਵਾ ਅਮਾ-ਅਲ-ਇਸਲਾਮ" ਦਾ ਹੁਕਮ ਦਿੱਤਾ । ਗੁਰੂ ਜੀ ਨੇ ਇਸਲਾਮ ਕਬੂਲ ਕਰਨ ਦੀ ਥਾਂ, ਸੀਸ ਕੁਰਬਾਨ ਕਰਨਾ ਪ੍ਰਵਾਨ ਕੀਤਾ।

ਘਰਿ ਨਉਨਿਧਿ ਆਵੈ ਧਾਇ॥ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਮ ਨਾਲ "ਨਉ ਨਿਧਿ" (Nine Treasures) ਜੁੜੇ ਹੋਏ ਹਨ। ਉਨ੍ਹਾਂ ਦੇ ਜੀਵਨ ਅਤੇ ਉਪਦੇਸ਼ ਨੂੰ ਸਿਮਰਤੀ ਦਾ ਹਿੱਸਾ ਬਣਾ ਲੈਣ ਨਾਲ, ਨੋ ਨਿੱਧਾਂ, ਸਾਡੇ ਘਰ ਵਿੱਚ, ਮਨ ਵਿੱਚ ਤੇ ਸਮੁੱਚੇ ਆਪੇ ਵਿੱਚ ਪ੍ਰਵੇਸ਼ ਕਰਦੀਆ ਹਨ । ਸਿੱਖੀ ਵਿਕੀ ਵੈਬਸਾਈਟ ਤੋਂ ਨਉਨਿਧਾਂ ਬਾਰੇ ਜਾਣਕਾਰੀ ਮਿਲਦੀ ਹੈ ਜੋ ਸਿੱਖ ਧਰਮ ਦੇ ਗਿਆਨ ਸ੍ਰੋਤਾਂ ਉੱਤੇ ਅਧਾਰਤ ਹੈ; ਇਹ ਸੰਸਾਰੀ ਹਨ

1) ਪਦਮ ਨਿਧੀ : ਬਾਲ ਸੰਤਾਨ, ਪੋਤ-ਦੋਹਤ, ਬੱਚੇ,
2) ਮਹਾਨ ਪਦਮ ; ਹੀਰੇ ਰਤਨ ਜਵਾਹਰ ਮਾਣਕ
3) ਸੰਖ; ਖਾਣ ਦੇ ਅਸੰਥ ਪਦਾਰਥ
4) ਮਕਰ; ਸ਼ਸ਼ਤਰਾਂ ਦੀ ਸਿਖਲਾਈ ਅਤੇ ਦੂਜਿਆ ਉਤੇ ਰਾਜ
5) ਕਛਾਪ; ਕੱਪੜੇ, ਅੰਨ, ਅਨਾਜ, ਖਾਧ ਪਦਾਰਥ
6) ਕੁੰਡ ; ਸੋਨੇ ਦਾ ਵਿਹਾਰ/ਵਪਾਰ
7) ਨੀਲ; ਕੀਮਤੀ ਰਤਨਾਂ/ਪਥਰਾਂ ਦਾ ਵਪਾਰ
8) ਮੁਕੰਦ; ਲਲਿਤ ਕਲਾਂਵਾਂ ਵਿੱਚ ਮੁਹਾਰਤ, ਸੰਗੀਤ, ਕਾਵਿ ਆਦਿ
9) ਖਰਬ ਜਾਂ ਵਰਚ; ਸਭ ਤਰ੍ਹਾਂ ਦੀ ਅਮੀਰੀ

ਇਸ ਤੋਂ ਇਲਾਵਾ ਕਈ ਵਿਦਵਾਨਾਂ ਨੇ ਨੋ ਨਿਧਾਂ ਦੇ ਅਧਿਆਤਮਿਕ ਖਜ਼ਾਨੇ ਦੱਸੇ ਹਨ;


1) ਭਰੋਸਾ (Faith)
2) ਲੀਨਤਾ (An Absolute Attachment to God)
3) ਸੰਤੋਖ (Content)
4) ਨਿਰਲੇਪਤਾ (Detachment)
5) ਹੁਕਮ ਰਜ਼ਾਈ (Total Surrender to the Will of God)
6) ਸਹਿਜ (Equilibriom and Equipose of mind)
7) ਅਨੰਦ (Perpectual Delight and Permanant Joy)
8) ਵਿਸਮਾਦ (Ecstacy) Joy Plus Wonderment)
9) ਨਦਰਿ (God's blessings- Awakened Soul considers God as Prime)

ਅਧਿਆਤਮਵਾਦ ਜੋ ਗੁਰਬਾਣੀ ਨੇ ਦਿੱਤਾ ਹੈ, ਉਸ ਵਿੱਚ ਪਹਿਲੇ ਦੱਸੇ ਸੰਸਾਰਿਕ ਨੌਨਿਧ ਪਦਾਰਥਾਂ ਦਾ ਤਿਆਗ ਨਹੀਂ ਕੀਤਾ ਗਿਆ । ਸੰਸਾਰ, ਪ੍ਰਵਾਰ, ਸਮਾਜ ਕਿਰਤ ਅਤੇ ਖੁਸ਼ਹਾਲੀ ਸਦਕਾ ਆਰਥਕ ਬਹੁਲਤਾ ਨਾਲ ਸਭ ਦਾ ਭਲਾ ਸੰਭਵ ਹੈ । ਦੂਜੇ ਥਾਂ ਗੁਣਾਂ ਭਰਪੂਰ ਨੌ ਨਿਧਾ, ਰੌਸ਼ਨ ਬੌਧਿਕਤਾ ਅਤੇ ਅਧਿਆਤਮ ਦਾ ਸੰਗਮ ਹਨ। 'ਸੰਸਾਰ ਅਤੇ ਕਰਤਾਰ' ਦੋਹਾਂ ਨੂੰ ਨਾਲ ਲੈ ਕੈ ਹੀ ਚੱਲਣਾ ਗੁਰੂ ਤੇਗ਼ ਬਹਾਦਰ ਜੀ ਦਾ ਉਪਦੇਸ਼ ਹੈ । ਸਾਰੇ ਗੁਰੂ ਸਾਹਿਬਾਨ ਨੇ ਸ਼ਹਿਰ ਵਸਾਏ ਅਤੇ ਕਿਰਤੀ ਬਜ਼ਾਰ ਸਥਾਪਤ ਕੀਤੇ । ਨੌਵੇਂ ਗੁਰੂ ਜੀ ਨੇ 'ਚੱਕ ਮਾਤਾ ਨਾਨਕੀ' ਸਥਾਪਤ ਕੀਤਾ ਜੋ ਅਨੰਦਪੁਰ ਵੱਜੋਂ ਪ੍ਰਸਿੱਧ ਹੋ ਗਿਆ। ਇਸ ਵਿੱਚ ਦੂਰੋਂ ਦੂਰੋਂ ਵਪਾਰੀ ਆ ਵੱਸੇ। ਸੰਗਤ, ਪੰਗਤਾਂ, ਕਵੀ ਸੰਗੀਤਕਾਰ ਸਭ ਆ ਜੁੜੇ। ਨੌਵੇਂ ਗੁਰੂ ਜੀ ਦੀ ਬਾਣੀ ਵਿੱਚ ਹਰੀ ਨਾਮ ਦਾ ਧੰਨ ਪ੍ਰਾਪਤ ਹੋਣ ਨੂੰ ਜੀਵਨ ਅਡੋਲਤਾ ਦਾ ਮੁੱਖ ਅਧਾਰ ਦੱਸਿਆ ਹੈ;

ਮਾਈ ਮੈ ਧਨੁ ਪਾਇਓ ਹਰਿ ਨਾਮੁ॥ ਮਨ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ॥1॥ ਰਹਾਓ॥ ਮਾਇਆਂ ਮਮਤਾ ਤਨ ਤੇ ਭਾਗੀਂ, ਉਪਜਿਓ ਨਿਰਮਲ ਗਿਆਨੁ॥ ਲੋਭ ਮੋਹ ਏਹ ਪਰਸ ਨ ਸਾਕੈ, ਗਹੀ ਭਗਤਿ ਭਗਵਾਨ ॥1॥ ਜਨਮ ਜਨਮ ਕਾ ਸੰਸਾ ਚੂਕਾ, ਰਤਨ ਨਾਮ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ, ਨਿਜ ਸੁਖ ਮਾਹਿ ਸਮਾਇਆ ॥2॥ ਜਾ ਕਉ ਹੋਤ ਦਇਆਲ ਕਿਰਪਾ ਨਿਧਿ, ਸੋ ਗੋਬਿੰਦ ਗੁਨ ਗਾਵੈ॥ ਕਹੁ ਨਾਨਕ ਇਹ ਬਿਧਿ ਕੀ ਸੰਪੈ, ਕੋਊ ਗੁਰਮੁਖਿ ਪਾਵੈ ॥3॥ (1186)

ਉਪਰੋਕਤ ਸ਼ਬਦ ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਜਿਸ 'ਰੌਸ਼ਨ-ਬੌਧਿਕਤਾ ਅਤੇ ਰੂਹਾਨੀਅਤ" ਦਾ ਪ੍ਰਗਟਾਵਾ ਕੀਤਾ ਹੈ, ਉਸ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਜੀਊਂ ਕੇ ਦਿਖਾਇਆ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ, ਸਵਾਰਥ ਅਤੇ ਖੋਹ-ਮੋਹ ਦੀਆਂ ਵੱਧਦੀਆਂ ਰੁਚੀਆਂ ਨੇ ਮਨੁੱਖ ਨੂੰ ਕੁਦਰਤ ਅਤੇ ਕਾਦਰ ਤੋਂ ਦੂਰ ਕਰ ਦਿੱਤਾ ਹੈ। ਇਸ ਸਮੇਂ ਜੋ ਖੁਸ਼ੀ ਅਤੇ ਅਨੰਦ ਪੈਸਾ ਖ਼ਰਚ ਕੇ ਪ੍ਰਾਪਤ ਕਰਨ ਦਾ ਭਰਮ ਪੈਦਾ ਹੋ ਗਿਆ ਹੈ, ਉਸ ਨੂੰ ਵਿਵੇਕਸ਼ੀਲਤਾ ਦੇ ਨਾਲ "ਕੁਦਰਤ-ਕਾਦਰ-ਕਦਰ"

GOD Creater



NATURE- HUAMNITY VALUE SYSTEM

ਦੀ ਤ੍ਰਿਕੋਣ ਨਾਲ ਸਮਾਯੋਜਿਤ ਕਰਨਾ ਹੋਵੇਗਾ ।

**ਅੰਤਿਕਾ:**- ਸੰਸਾਰਕ ਵਿਦਿਆ, ਖੋਜ, ਕਿਰਤ ਅਤੇ ਵਿਕਾਸ ਦੀਆ ਅਤਿ ਆਧੁਨਿਕ, ਸੀਮਾਵਾਂ ਤੇ ਹਰੇਕ ਮਨੁੱਖ ਨੂੰ ਪਹੁੰਚਣ ਦਾ ਅਵਸਰ ਦੇਦਿਆ, ਵਿਵਹਾਰਾਂ ਵਿਚ ਰੂਹਾਨੀਅਤ ਦੇ ਵਿਕਲਪਿਕ ਮਾਰਗਾਂ ਦੀ ਸੁਤੰਤਰਤਾ ਨਾਲ ਧਾਰਨ ਕਰਨ ਦੀ ਉਤਸੁਕਤਾ ਦੇ ਨਾਲ-ਨਾਲ ਸੰਵਾਦ ਦੇ ਰਸਤੇ, ਟਕਰਾਂਵਾਂ-ਵਖਰੇਂਵਿਆਂ- ਹਿੱਤਾਂ ਦੇ ਖਿਚਾਅ ਦੇ ਸਮਾਧਾਨ ਲੱਭਦੇ ਹੋਏ, ਸਰਬੱਤ ਦੇ ਭਲੇ (Welfare of All) 'ਰੱਬੀ ਪਿਤਾਮੀ ਸਰਪ੍ਰਸਤੀ ਅਤੇ ਮਾਨਵੀ ਭਰਾਤਰੀਵਾਦ' (Fatherhood of God and Brotherhood of Mankind) ਦੇ ਨਿਸ਼ਾਨਿਆਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ਇਹ ਵਰਤਾਰਾ ਅਧਿਆਤਮਕ ਛੋਹ ਵਾਲੇ ਰੌਸ਼ਨ-ਦਿਮਾਗੀ ਬ੍ਰਹਮ-ਗਿਆਨੀ ਆਗੂ ਹੀ ਸੰਭਵ ਬਣਾ ਸਕਦੇ ਹਨ ਜਿਨ੍ਹਾਂ ਦੇ ਦੋ ਗੁਣ ਗੁਰੂ ਤੇਗ਼ ਬਹਾਦਰ ਬਾਣੀ ਵਿਚ ਉਭਰਦੇ ਹਨ;

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਹਿ ਬਖਾਨਿ॥16॥(1427)

Fearless & Foeless Society is the aim of Spiritually Enlightened People.

ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਹੀ ਅਧਿਆਤਮਿਕ ਰੌਸ਼ਨ-ਬੋਧ ਸਖਸ਼ੀਅਤ ਦਾ ਜੀਵਨ ਉਦੇਸ਼ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਇਸ ਦਾ ਪ੍ਰਤੱਖ ਪ੍ਰਮਾਣ ਹੈ।

## REFERENCES

ਧਰਮ ਦੀ ਚਾਦਰ, ਪਰਮਜੀਤ ਸਿੰਘ ਸੁਚਿੰਤਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਸਤੰਬਰ 2020,

ਦਾਰਸ਼ਨਿਕ ਨਿਬੰਧ, ਡਾ ਮਨਮੋਹਨ ਸਿੰਘ, ਮਨਦੀਪ ਪ੍ਰਕਾਸ਼ਕ, ਨਵੀਂ ਦਿੱਲੀ

ਡਾ. ਮਨਮੋਹਨ ਸਿੰਘ, ਦਾਰਸ਼ਨਿਕ ਨਿਬੰਧ, ਮਨਦੀਪ ਪ੍ਰਕਾਸ਼ਕ, ਨਵੀਂ ਦਿੱਲੀ 1993 ਪੰਨਾ 117,

ਗੁਰਮਤਿ ਮਨੋਵਿਗਿਆਨ, ਜਸਵੰਤ ਸਿੰਘ ਨੇਕੀ, ਅੰਤਹਕਰਣ, ਪੰਨਾ 26,

ਗੁਰਮਤਿ ਮਨੋਵਿਗਿਆਨ, ਜਸਵੰਤ ਸਿੰਘ ਨੇਕੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2016,

ਨਾਨਕ ਪ੍ਰਕਾਸ਼ ਪਤ੍ਰਿਕਾ, ਗੁਰੂ ਤੇਗ਼ ਬਹਾਦਰ ਸ਼ਹੀਦੀ ਅੰਕ, ਪਬਲੀਕੇਸ਼ਨ ਬਿਊਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1975

ਤਾਰਨ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ; ਨਾਨਕ ਪ੍ਰਕਾਸ਼ ਪਤ੍ਰਿਕਾ॥ ਜੂਨ- ਦਸੰਬਰ 1975, ਪੰਨਾ 51-59

ਸਹਿਜੇ ਰਚਿਓ ਖ਼ਾਲਸਾ; ਹਰਿੰਦਰ ਸਿੰਘ ਮਹਿਬੂਬ, ਗੜਦੀਵਾਲਾ।

Abstracts of Sikh Studies Institute of Sikh Studies, Chandigarh, Jan - March 2015

Google Search Engine 20.11.2020

Google Search, Wikipedia

Happierhuman.com, through Google search Engine 21.11.2020.

Kapur Singh, The Sikh Thoughts, Abtracts of Sikh Studies, Jan-March 2015, P51,

Rochels, James, Stuart, Eds (2011), The Elements of Moral Philosphy (7th ed), New York, Mc Graw Hill, ISBN 978-0-07- WIKIPEDIA, Morality and Religion

S. Kapur Singh, who ordered the Execution of Guru Teg Bahadur? ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ ਦਸੰਬਰ 1975.

SIKHIWIKI.org.

* * * * *